ਜਾਂ ਮੈਟਾਸਿਸਟਾਕਸ (ਇੱਕ ਮਿਲੀਲਿਟਰ ਦਵਾਈ ਪ੍ਰਤੀ ਲਿਟਰ ਪਾਣੀ ਵਿਚ ਪਾ ਕੇ) 10 ਦਿਨਾਂ ਦੇ ਵਕਫੇ ਤੇ ਛਿੜਕਾਅ ਕਰਨਾ ਚਾਹੀਦਾ ਹੈ ।

### 5. ਚਿਤਕਬਰਾ ਰੋਗ :

ਪੱਤਿਆਂ ਤੇ ਗੂੜ੍ਹੇ ਹਰੇ ਅਤੇ ਹਲਕੇ ਰੰਗ ਦੇ ਉਭਰੇ ਚਟਾਖ਼ ਪੈ ਜਾਂਦੇ ਹਨ । ਪੱਤੇ ਛੋਟੇ ਅਤੇ ਬੇਢਵੇ ਹੋ ਜਾਂਦੇ ਹਨ । ਇਹ ਵਿਸ਼ਾਣੂੰ ਰੋਗ ਬੀਜ ਅਤੇ ਤੇਲੇ ਰਾਹੀਂ ਫੈਲਦਾ ਹੈ ।

**ਰੋਕਥਾਮ :**

ੳ. ਬੀਜ ਰੋਗ ਰਹਿਤ ਫ਼ਸਲ ਤੋਂ ਲੈ ਕੇ ਬੀਜਣਾ ਚਾਹੀਦਾ ਹੈ ।

ਅ. ਪੌਦਿਆਂ ਨੂੰ ਘੱਟ ਤੋਂ ਘੱਟ ਛੂਹਣਾ ਚਾਹੀਦਾ ਹੈ ।

ੲ. ਤੇਲੇ ਦੀ ਰੋਕਥਾਮ ਲਈ ਇੱਕ ਮਿਲੀਲਿਟਰ ਰੋਗਰ 30 ਤਾਕਤ ਜਾਂ ਮੈਟਾਸਿਸਟਾਕਸ ਪ੍ਰਤੀ ਲਿਟਰ ਪਾਣੀ ਵਿਚ ਘੋਲ ਕੇ 10 ਦਿਨਾਂ ਦੇ ਵਕਫ਼ੇ ਤੇ ਛਿੜਕੋ।

### 6. ਜੜ੍ਹਾਂ ਵਿਚ ਗੰਢਾਂ ਪੈਣਾ :

ਇਸ ਰੋਗ ਨਾਲ ਪੱਤੇ ਪੀਲੇ ਪੈ ਜਾਂਦੇ ਹਨ ਅਤੇ ਫ਼ਸਲ ਦਾ ਵਾਧਾ ਰੁੱਕ ਜਾਂਦਾ ਹੈ । ਜੜ੍ਹਾਂ ਉਤੇ ਗੰਢਾਂ ਪੈ ਜਾਂਦੀਆਂ ਹਨ । ਪਨੀਰੀ ਵਾਲੇ ਪੌਦਿਆਂ ਤੇ ਵੀ ਅਸਰ ਹੁੰਦਾ ਹੈ । ਇਸ ਬਿਮਾਰੀ ਦੇ ਕੀਟਾਣੂੰ (ਨੀਮਾਟੋਡ) ਕਾਫ਼ੀ ਸਮੇਂ ਤੱਕ ਮਿੱਟੀ ਵਿਚ ਜਿਉਂਦੇ ਰਹਿੰਦੇ ਹਨ ।

**ਰੋਕਥਾਮ :**

ੳ) ਜਿੰਨ੍ਹਾਂ ਖੇਤਾਂ ਵਿਚ ਇਹ ਬਿਮਾਰੀ ਲੱਗਦੀ ਹੋਵੇ ਉਥੇ ਇਸ ਬਿਮਾਰੀ ਦਾ ਟਾਕਰਾ ਕਰਨ ਵਾਲੀ ਕਿਸਮ ਪੰਜਾਬ ਐਨ ਆਰ-7 ਬੀਜੋ।

ਅ) ਸਬਜ਼ੀਆਂ ਦੀ ਪਨੀਰੀ ਤਿਆਰ ਕਰਨ ਵਾਲੀ ਥਾਂ ਨੂੰ ਭਰਵਾ ਪਾਣੀ ਲਾ ਕੇ ਪਲਾਸਟਿਕ ਦੀ ਚਾਦਰ (50 ਮਾਈਕਰੋਨ) ਨਾਲ ਮਈ-ਜੂਨ ਦੇ ਮਹੀਨੇ ਵਿੱਚ ਚੰਗੀ ਤਰ੍ਹਾਂ ਢੱਕ ਕੇ 40 ਦਿਨਾਂ ਵਾਸਤੇ ਧੁੱਪ ਲਗਾਉ ।

ੲ) ਤੋਰੀਆ ਜਾਂ ਤਾਰਾਮੀਰੇ ਦੀ 40 ਦਿਨਾਂ ਦੀ ਫ਼ਸਲ ਪਨੀਰੀ ਵਾਲੀਆਂ ਕਿਆਰੀਆਂ ਵਿੱਚ ਬਿਜਾਈ ਤੋਂ 10 ਦਿਨ ਪਹਿਲਾਂ ਵਾਹ ਦਿਓ ਅਤੇ 3-4 ਵਾਰੀ ਵਾਹ ਕੇ ਪਨੀਰੀ ਬੀਜਣ ਲਈ ਕਿਆਰੀਆਂ ਬਣਾਓ ।

ਸ) ਨਰਸਰੀ ਵਾਲੇ ਪੌਦਿਆਂ ਨੂੰ, ਡਾਈਮੈਥੋਏਟ (10 ਮਿਲੀਲਿਟਰ) ਰੋਗਰ 30 ਤਾਕਤ ਦਵਾਈ 10 ਲਿਟਰ ਪਾਣੀ ਵਿਚ ਘੋਲ ਕੇ, ਖੇਤ ਵਿਚ ਲਾਉਣ ਤੋਂ ਪਹਿਲਾਂ 6 ਘੰਟੇ ਲਈ ਡੁਬੋ ਲਵੋ ।

ਹ) ਜੜ੍ਹ ਗੰਢ ਰੋਗੀ ਜ਼ਮੀਨਾਂ ਵਿੱਚ ਸਬਜ਼ੀਆਂ ਦੇ ਫ਼ਸਲੀ ਚੱਕਰ ਵਿੱਚ ਲਸਣ ਲਗਾਉ ।

**ਨੋਟ :** ਪੌਦਿਆਂ ਨੂੰ ਦਵਾਈ ਛਾਂ ਵਿਚ ਲਾਓ ਅਤੇ ਤਣੇ ਨੂੰ ਦਵਾਈ ਨਹੀਂ ਲੱਗਣੀ ਚਾਹੀਦੀ ।



## 15. ਬੈਂਗਣ

### ਮੌਸਮ ਅਤੇ ਜ਼ਮੀਨ :

ਬੈਂਗਣਾਂ ਨੂੰ ਵਧਣ ਫੁੱਲਣ ਲਈ ਲੰਮੇ ਅਤੇ ਗਰਮ ਮੌਸਮ ਦੀ ਲੋੜ ਹੈ । ਬਹੁਤਾ ਕੋਰਾ ਪੈਣ ਨਾਲ ਇਸ ਦੇ ਪੌਦੇ ਮਰ ਜਾਂਦੇ ਹਨ । ਕੜਕਦੀ ਠੰਢ ਵੀ ਜੇ ਲਗਾਤਾਰ ਕਾਫ਼ੀ ਚਿਰ ਪੈਂਦੀ ਰਹੇ ਤਾਂ ਵੀ ਫ਼ਸਲ ਨੂੰ ਕਾਫੀ ਨੁਕਸਾਨ ਪਹੁੰਚਦਾ ਹੈ । ਇਸ ਦੀ ਕਾਸ਼ਤ ਲਈ ਚੰਗੇ ਜਲ ਨਿਕਾਸ ਵਾਲੀ ਜ਼ਰਖੇਜ ਜ਼ਮੀਨ ਯੋਗ ਹੁੰਦੀ ਹੈ । ਇਸ ਦੇ ਪੌਦੇ ਸਖਤਜਾਨ ਹੁੰਦੇ ਹਨ ਅਤੇ ਕਈ ਤਰ੍ਹਾਂ ਦੀ ਜ਼ਮੀਨ ਵਿਚ ਹੋ ਸਕਦੇ ਹਨ । ਪਰ ਰੇਤਲੀ ਮੈਰਾ ਜਾਂ ਚੀਕਨੀ ਮੈਰਾ ਜ਼ਮੀਨ ਇਸ ਲਈ ਸਭ ਤੋਂ ਢੁੱਕਵੀਂ ਹੈ । ਜੇ ਜ਼ਮੀਨ ਕੁਦਰਤੀ ਤੌਰ ਤੇ ਉਪਜਾਊ ਨਾ ਹੋਵੇ ਤਾਂ ਉਸ ਵਿਚ ਰੂੜੀ ਅਤੇ ਰਸਾਇਣਕ ਖਾਦਾਂ ਪਾਉਣੀਆਂ ਚਾਹੀਦੀਆਂ ਹਨ ।

### ਉੱਨਤ ਕਿਸਮਾਂ/ਹਾਈਬ੍ਰਿਡ

#### 1. ਗੋਲ ਬੈਂਗਣ :

**ਪੰਜਾਬ ਨੀਲਮ** (1998) : ਇਹ ਕਿਸਮ ਪਨੀਰੀ ਪੁੱਟ ਕੇ ਲਾਉਣ ਤੋਂ 65 ਦਿਨਾਂ ਬਾਅਦ ਫ਼ਲ ਦੇਣ ਲਈ ਤਿਆਰ ਹੋ ਜਾਂਦੀ ਹੈ । ਇਸ ਕਿਸਮ ਦੇ ਬੂਟੇ ਦਰਮਿਆਨੇ ਉੱਚੇ, ਸਿੱਧੇ ਅਤੇ ਕੰਡੇ ਰਹਿਤ ਹੁੰਦੇ ਹਨ । ਇਸ ਦਾ ਪਤਰਾਲ ਹਰਾ ਹੁੰਦਾ ਹੈ ਜੋ ਜਾਮਨੀ ਭਾਅ ਮਾਰਦਾ ਹੈ, ਫ਼ਲ ਅੰਡੇ ਵਰਗੇ ਗੋਲ, ਦਰਮਿਆਨੇ ਆਕਾਰ ਦੇ ਅਤੇ ਚਮਕੀਲੇ ਗੂੜ੍ਹੇ ਜਾਮਨੀ ਰੰਗ ਦੇ ਹੁੰਦੇ ਹਨ । ਇਹ ਕਿਸਮ ਫ਼ਰਵਰੀ ਅਤੇ ਅਗਸਤ ਵਿਚ ਲਾਉਣ ਲਈ ਢੁੱਕਵੀਂ ਹੈ । ਇਹ ਕਿਸਮ 140 ਕੁਇੰਟਲ ਪ੍ਰਤੀ ਏਕੜ ਝਾੜ ਦਿੰਦੀ ਹੈ ।

#### 2. ਲੰਬੂਤਰੇ ਬੈਂਗਣ :

**ਬੀ ਐਚ**-2 (1994) : ਇਸ ਕਿਸਮ ਦੇ ਪੱਤੇ ਹਰੇ ਰੰਗ ਦੇ ਅਤੇ ਜਾਮਨੀ ਭਾਅ ਮਾਰਦੇ ਹਨ । ਪੌਦੇ ਦਰਮਿਆਨੇ ਕੱਦ ਦੇ ਖੜ੍ਹਵੇਂ ਅਤੇ ਫੈਲਵੇਂ ਕੰਡੇ ਰਹਿਤ ਹੁੰਦੇ ਹਨ। ਇਸ ਕਿਸਮ ਦੇ ਫ਼ਲ ਲੰਬੂਤਰੇ ਗੂੜ੍ਹੇ ਜਾਮਨੀ ਰੰਗ ਦੇ ਹੁੰਦੇ ਹਨ । ਇਕ ਫ਼ਲ ਦਾ ਔਸਤ ਭਾਰ 300 ਗ੍ਰਾਮ ਹੁੰਦਾ ਹੈ । ਇਹ ਕਿਸਮ ਭੜਥਾ ਬਣਾਉਣ ਵਾਸਤੇ ਚੰਗੀ ਹੈ । ਇਸ ਕਿਸਮ ਤੇ ਫ਼ਲ ਦੀ ਸੁੰਡੀ ਦਾ ਹਮਲਾ ਘੱਟ ਹੁੰਦਾ ਹੈ । ਇਸ ਦਾ ਔਸਤਨ ਝਾੜ 235 ਕੁਇੰਟਲ ਪ੍ਰਤੀ ਏਕੜ ਹੈ ।

#### 3. ਲੰਮੇ ਬੈਂਗਣ :

**ਪੰਜਾਬ ਬਰਸਾਤੀ** (1987) : ਇਹ ਕਿਸਮ ਪਨੀਰੀ ਪੁੱਟ ਕੇ ਖੇਤ ਵਿਚ ਲਾਉਣ ਤੋਂ 64 ਦਿਨਾਂ ਪਿਛੋਂ ਪਹਿਲੀ ਤੁੜਾਈ ਲਈ ਤਿਆਰ ਹੋ ਜਾਂਦੀ ਹੈ । ਇਸ ਦੇ ਪੌਦੇ ਛੋਟੇ, ਖੜ੍ਹਵੇਂ ਅਤੇ ਕੰਡੇ ਰਹਿਤ ਹੁੰਦੇ ਹਨ । ਪੱਤੇ ਹਰੇ ਰੰਗ ਦੇ ਹੁੰਦੇ ਹਨ। ਇਸ ਦੇ ਫ਼ਲ ਦਰਮਿਆਨੇ ਲੰਮੇ ਅਤੇ ਚਮਕੀਲੇ ਜਾਮਨੀ ਹੁੰਦੇ ਹਨ । ਔਸਤਨ ਝਾੜ

140 ਕੁਇੰਟਲ ਪ੍ਰਤੀ ਏਕੜ ਹੈ । ਇਸ ਕਿਸਮ ਉੱਤੇ ਫ਼ਲ ਦੀ ਸੁੰਡੀ ਦਾ ਹਮਲਾ ਬਹੁਤ ਘੱਟ ਹੁੰਦਾ ਹੈ ਅਤੇ ਬਰਸਾਤ ਦੇ ਮੌਸਮ ਵਿਚ ਲਾਉਣ ਲਈ ਢੁਕਵੀਂ ਹੈ ।

**ਪੰਜਾਬ ਸਦਾਬਹਾਰ** (1987) : ਇਹ ਕਿਸਮ ਪਨੀਰੀ ਪੁੱਟ ਕੇ ਖੇਤ ਵਿਚ ਲਾਉਣ ਤੋਂ 76 ਦਿਨਾਂ ਪਿਛੋਂ ਪਹਿਲੀ ਤੁੜਾਈ ਲਈ ਤਿਆਰ ਹੋ ਜਾਂਦੀ ਹੈ । ਇਸ ਕਿਸਮ ਦੇ ਪੌਦੇ ਮੱਧਰੇ, ਸਿੱਧੇ ਅਤੇ ਕੰਡੇ ਰਹਿਤ ਹੁੰਦੇ ਹਨ । ਪੱਤੇ ਹਰੇ ਰੰਗ ਦੇ ਹੁੰਦੇ ਹਨ । ਫ਼ਲ ਲੰਮੇ, ਪਤਲੇ ਅਤੇ ਗੂੜ੍ਹੇ ਜਾਮਨੀ ਰੰਗ ਦੇ ਹੁੰਦੇ ਹਨ । ਇਸ ਦਾ ਔਸਤ ਝਾੜ 125 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ । ਇਹ ਕਿਸਮ ਗਰਮ ਰੁੱਤ, ਬਹਾਰ ਰੁੱਤ ਅਤੇ ਮੁਢੀ ਰੱਖਣ ਲਈ ਢੁਕਵੀਂ ਹੈ ।

### 4. ਛੋਟੇ ਬੈਂਗਣ :

**ਪੀ ਬੀ ਐਚ**-3 (2013) : ਇਸ ਦੋਗਲੀ ਕਿਸਮ ਦਾ ਕੱਦ ਦਰਮਿਆਨਾ, ਬੂਟੇ ਭਰਵੇਂ ਅਤੇ ਕੰਡਿਆਂ ਤੋਂ ਰਹਿਤ ਹਨ। ਇਸ ਦੇ ਪੱਤੇ ਹਰੇ ਅਤੇ ਜਾਮਣੀ ਭਾਅ ਕੰਡਿਆਂ ਤੋਂ ਰਹਿਤ ਹਨ । ਇਸ ਦੇ ਫੁੱਲ ਜਾਮਣੀ ਅਤੇ ਗੁਛਿਆਂ ਵਿਚ ਲੱਗਦੇ ਹਨ। ਇਸ ਦਾ ਫਲ ਚਮਕਦਾਰ-ਜਾਮਣੀ, ਛੋਟੇ ਆਕਾਰ ਦਾ ਅਤੇ ਲੰਬੂਤਰਾ ਹੈ । ਇਸ ਅਗੇਤੀ ਕਿਸਮ ਦਾ ਔਸਤਨ ਝਾੜ 257 ਕੁਇੰਟਲ ਪ੍ਰਤੀ ਏਕੜ ਹੈ ।

**ਪੰਜਾਬ ਨਗੀਨਾ** (2007) : ਇਸ ਕਿਸਮ ਦੇ ਬੂਟੇ ਮਧਰੇ, ਗੂੜ੍ਹੇ ਹਰੇ ਰੰਗ ਦੇ ਅਤੇ ਕੰਡਿਆਂ ਤੋਂ ਰਹਿਤ ਹੁੰਦੇ ਹਨ । ਇਸ ਦੇ ਫੁੱਲ ਹਲਕੇ ਜਾਮਣੀ ਰੰਗ ਦੇ ਅਤੇ ਡੰਡੀ ਹਰੀ ਹੁੰਦੀ ਹੈ । ਇਸ ਕਿਸਮ ਨੂੰ ਛੋਟੇ ਆਕਾਰ ਦੇ ਫ਼ੱਲ ਗੁੱਛਿਆਂ ਵਿੱਚ ਲੱਗਦੇ ਹਨ । ਫ਼ਲਾਂ ਦਾ ਰੰਗ ਕਾਲਾ-ਜਾਮਣੀ ਅਤੇ ਚਮਕਦਾਰ ਹੁੰਦਾ ਹੈ । ਇਹ ਕਿਸਮ ਖੇਤ ਵਿੱਚ ਲਗਾਉਣ ਤੋਂ 55 ਦਿਨ ਬਾਅਦ ਪਹਿਲੀ ਤੁੜਾਈ ਦੇ ਦਿੰਦੀ ਹੈ । ਇਸ ਦਾ ਔਸਤਨ ਝਾੜ 145 ਕੁਇੰਟਲ ਪ੍ਰਤੀ ਏਕੜ ਹੈ ।

### ਕਾਸ਼ਤ ਦੇ ਢੰਗ :

**ਬੀਜ ਦੀ ਮਾਤਰਾ** : ਇਕ ਏਕੜ ਦੀ ਪਨੀਰੀ ਤਿਆਰ ਕਰਨ ਲਈ 300 ਤੋਂ 400 ਗ੍ਰਾਮ ਬੀਜ ਕਾਫ਼ੀ ਹੈ । ਇਹ ਬੀਜ 10-15 ਸੈਂਟੀਮੀਟਰ ਉੱਚੀਆਂ ਇਕ ਮਰਲੇ (25×1 ਮੀਟਰ) ਦੀਆਂ ਕਿਆਰੀਆਂ ਵਿਚ ਲਾਉਣਾ ਚਾਹੀਦਾ ਹੈ ।

**ਬਿਜਾਈ ਦਾ ਸਮਾਂ** : ਬੈਂਗਣਾਂ ਦੀਆਂ ਲਗਾਤਾਰ ਚਾਰ ਫ਼ਸਲਾਂ ਹੇਠਾਂ ਲਿਖੇ ਤਰੀਕੇ ਨਾਲ ਲਾਈਆਂ ਜਾ ਸਕਦੀਆਂ ਹਨ ।

1. ਪਹਿਲੀ ਫ਼ਸਲ ਲਈ ਪਨੀਰੀ ਅਕਤੂਬਰ ਵਿਚ ਬੀਜੀ ਜਾਂਦੀ ਹੈ ਅਤੇ ਨਵੰਬਰ ਵਿਚ ਬੂਟੇ ਖੇਤ ਵਿਚ ਲਾਏ ਜਾਂਦੇ ਹਨ ।
2. ਦੂਜੀ ਫ਼ਸਲ ਦੀ ਪਨੀਰੀ ਨਵੰਬਰ ਵਿਚ ਬੀਜੀ ਜਾਂਦੀ ਹੈ ਅਤੇ ਫ਼ਰਵਰੀ ਦੇ ਪਹਿਲੇ ਪੰਦਰ੍ਹਵਾੜੇ ਵਿਚ ਬੂਟੇ ਖੇਤ ਵਿਚ ਲਾਏ ਜਾਂਦੇ ਹਨ । ਇਹ ਪਨੀਰੀ ਠੰਢ ਤੋਂ ਬਚਾਉਣੀ ਪੈਂਦੀ ਹੈ ।
3. ਤੀਜੀ ਫ਼ਸਲ ਦੀ ਪਨੀਰੀ ਫ਼ਰਵਰੀ-ਮਾਰਚ ਵਿਚ ਬੀਜੀ ਜਾਂਦੀ ਹੈ ਅਤੇ ਅਪ੍ਰੈਲ ਦੇ ਅੰਤ ਤੋਂ ਪਹਿਲਾਂ ਖੇਤ ਵਿਚ ਲਗਾ ਦਿੱਤੀ ਜਾਂਦੀ ਹੈ ।
4. ਚੌਥੀ ਫ਼ਸਲ ਦੀ ਪਨੀਰੀ ਜੁਲਾਈ ਵਿਚ ਬੀਜੀ ਜਾਂਦੀ ਹੈ ਅਤੇ ਅਗਸਤ ਵਿਚ ਪੁੱਟ ਕੇ ਖੇਤ ਵਿਚ ਲਾਈ ਜਾਂਦੀ ਹੈ ।



### ਸੁਰੰਗਾਂ ਵਿੱਚ ਖੇਤੀ

ਬੈਂਗਣ ਦੀ ਅਗੇਤੀ ਅਤੇ ਜ਼ਿਆਦਾ ਪੈਦਾਵਾਰ ਲੈਣ ਲਈ ਇਹ ਵਿਧੀ ਲਾਹੇਵੰਦ ਹੈ । ਬੈਂਗਣ ਦੀ ਪਨੀਰੀ ਨਵੰਬਰ ਦੇ ਪਹਿਲੇ ਹਫ਼ਤੇ ਵਿਚ ਕਤਾਰ ਤੋਂ ਕਤਾਰ ਦਾ ਫ਼ਾਸਲਾ 90 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦਾ ਫ਼ਾਸਲਾ 30 ਸੈਂਟੀਮੀਟਰ ਰੱਖ ਕੇ ਪੱਟੜੀਆਂ ਉਪਰ ਲਗਾ ਦਿਉ । ਦਸੰਬਰ ਦੇ ਸ਼ੁਰੂ ਵਿੱਚ ਲੋਹੇ ਦੇ ਸਰੀਏ ਦੇ ਅਰਧ ਗੋਲੇ ਬਣਾ ਕੇ 2-2 ਮੀਟਰ ਦੀ ਵਿੱਥ ਤੇ ਲਗਾ ਦਿਉ ਅਤੇ ਇਨ੍ਹਾਂ ਗੋਲਿਆਂ ਉਪਰ 50 ਮਾਈਕਰੋਨ ਮੋਟੀ ਪਲਾਸਟਿਕ ਸ਼ੀਟ ਪਾ ਦਿਉ । ਜਦੋਂ ਫ਼ਰਵਰੀ ਮਹੀਨੇ ਹਵਾ ਦਾ ਤਾਪਮਾਨ ਵੱਧ ਜਾਵੇ ਤਾਂ ਇਨ੍ਹਾਂ ਸ਼ੀਟਾਂ ਨੂੰ ਉਤਾਰ ਦਿਉ ।

**ਫ਼ਾਸਲਾ** : ਕਤਾਰਾਂ ਵਿਚਕਾਰ 60 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ 30-45 ਸੈਂਟੀਮੀਟਰ ਫ਼ਾਸਲਾ ਰੱਖੋ ।

### ਖਾਦਾਂ :

ਦਸ ਟਨ ਰੂੜੀ ਦੀ ਖਾਦ 25 ਕਿਲੋ ਨਾਈਟ੍ਰੋਜਨ (55 ਕਿਲੋ ਯੂਰੀਆ), 25 ਕਿਲੋ ਫ਼ਾਸਫੋਰਸ (155 ਕਿਲੋ ਸੁਪਰਫ਼ਾਸਫੇਟ) ਅਤੇ 12 ਕਿਲੋ ਪੋਟਾਸ਼ (20 ਕਿਲੋ ਮਿਊਰੇਟ ਆਫ਼ ਪੋਟਾਸ਼) ਪ੍ਰਤੀ ਏਕੜ ਡਰਿਲ ਕਰੋ । ਸਾਰੀ ਖਾਦ ਪੌਦੇ ਖੇਤ ਵਿਚ ਲਾਉਣ ਸਮੇਂ ਡਰਿੱਲ ਨਾਲ ਪਾਓ । ਦੋ ਤੁੜਾਈਆਂ ਪਿਛੋਂ 25 ਕਿਲੋ ਨਾਈਟ੍ਰੋਜਨ (55 ਕਿਲੋ ਯੂਰੀਆ) ਪ੍ਰਤੀ  ਏਕੜ ਦੇ ਹਿਸਾਬ ਨਾਲ ਫਿਰ ਪਾਓ।

**ਪਾਣੀ** : ਪਹਿਲਾ ਪਾਣੀ ਪਨੀਰੀ ਖੇਤ ਵਿਚ ਲਾਉਣ ਤੋਂ ਫੌਰਨ ਬਾਅਦ ਲਾਓ। ਗਰਮੀਆਂ ਵਿਚ ਸਿੰਚਾਈ ਦਾ ਵਕਫਾ ਜ਼ਮੀਨ ਦੀ ਕਿਸਮ ਤੇ ਵੀ ਨਿਰਭਰ ਹੈ । ਕੁੱਲ 10-16 ਪਾਣੀਆਂ ਦੀ ਲੋੜ ਹੈ ।

### ਤੁੜਾਈ :

ਫ਼ਲ ਤੁੜਾਈ ਵੇਲੇ ਪੂਰੇ ਆਕਾਰ ਦੇ ਅਤੇ ਨਰਮ ਹੋਣ । ਭਰ ਮੌਸਮ ਵਿਚ ਤੁੜਾਈ ਹਰ ਹਫ਼ਤੇ ਕਰੋ ।

### ਬੀਜ ਉਤਪਾਦਨ :

ਬੈਂਗਣ ਦਾ ਬੀਜ ਪੈਦਾ ਕਰਨ ਸਮੇਂ ਇਕ ਕਿਸਮ ਤੋਂ ਦੂਸਰੀ ਕਿਸਮ ਦਾ ਫ਼ਾਸਲਾ 200 ਮੀਟਰ ਰੱਖਣਾ ਜ਼ਰੂਰੀ ਹੈ । ਸ਼ੁੱਧ ਬੀਜ ਵਾਸਤੇ ਫ਼ਸਲ ਦਾ ਫੁੱਲ ਪੈਣ ਤੋਂ ਪਹਿਲਾਂ, ਫੁੱਲਾਂ ਸਮੇਂ, ਫ਼ਲ ਬਣਨ ਸਮੇਂ ਅਤੇ ਤੁੜਾਈ ਸਮੇਂ ਨਿਰੀਖਣ ਕਰਨਾ ਚਾਹੀਦਾ ਹੈ । ਨਿਰੀਖਣ ਸਮੇਂ ਓਪਰੇ ਅਤੇ ਬਿਮਾਰੀ ਵਾਲੇ ਬੂਟੇ ਪੁੱਟ ਦਿਉ । ਜਦੋਂ ਫ਼ਲ ਪੱਕ ਕੇ ਪੀਲਾ ਹੋ ਜਾਵੇ ਤਾਂ ਉਸ ਵਿੱਚੋਂ ਬੀਜ ਕੱਢ ਲਓ । ਬੀਜ ਨੂੰ ਚੰਗੀ ਤਰ੍ਹਾਂ ਸਾਫ਼ ਕਰਕੇ ਸੁਕਾਉਣ ਉਪਰੰਤ ਪੈਕ ਕਰੋ ।

### ਪੌਦ-ਸੁਰੱਖਿਆ :

ਬੈਂਗਣਾਂ ਨੂੰ ਕਈ  ਤਰ੍ਹਾਂ  ਦੀਆਂ  ਬਿਮਾਰੀਆਂ  ਅਤੇ  ਕੀੜੇ ਮਕੌੜੇ ਲੱਗ ਜਾਂਦੇ ਹਨ। ਇਨ੍ਹਾਂ ਵਿਚੋਂ ਮੁੱਖ ਬਿਮਾਰੀਆਂ ਤੇ ਕੀੜੇ ਮਕੌੜੇ ਤੇ ਉਨ੍ਹਾਂ ਦੀ ਰੋਕਥਾਮ ਅੱਗੇ ਦੱਸੀ ਹੈ ।

## ੳ) ਕੀੜੇ :

| *ਕੀੜੇ ਅਤੇ ਨਿਸ਼ਾਨੀਆਂ* | *ਰੋਕਥਾਮ ਦੇ ਢੰਗ* | *ਸਾਵਧਾਨੀਆਂ* |
|---|---|---|
| 1. **ਜੈਸਿਡ, ਹੱਡਾ ਭੂੰਡੀ, ਫ਼ਲਾਂ ਅਤੇ ਲਗਰਾਂ ਵਿਚ ਮੋਰੀ ਕਰਨ ਵਾਲੀ ਸੁੰਡੀ:** ਇਹ ਕੀੜੇ ਮਈ ਤੋਂ ਸਤੰਬਰ ਤੱਕ ਹਮਲਾ ਕਰਦੇ ਹਨ। ਜੈਸਿਡ ਦੇ ਹਮਲੇ ਕਾਰਨ ਪੱਤੇ ਪਹਿਲਾਂ ਪੀਲੇ ਤੇ ਪਿਛੋਂ ਤਾਂਬੇ ਰੰਗ ਦੇ ਹੋ ਕੇ ਝੜ ਜਾਂਦੇ ਹਨ । ਬੱਚੇ ਅਤੇ ਬਾਲਗ ਹਰੇ ਰੰਗ ਦੇ ਕੀੜੇ ਬਹੁਤ ਗਿਣਤੀ ਵਿਚ ਪੱਤਿਆਂ ਦੇ ਹੇਠਾਂ ਨਜ਼ਰ ਆਉਂਦੇ ਹਨ। ਹੱਡਾ ਭੂੰਡੀ ਅਤੇ ਇਸ ਦੀਆਂ ਸੁੰਡੀਆਂ ਵੀ ਪੱਤਿਆਂ ਨੂੰ ਖਾਂਦੀਆਂ ਹਨ । ਜਿਨ੍ਹਾਂ ਲਗਰਾਂ ਵਿਚ ਸੁੰਡੀ ਦਾ ਹਮਲਾ ਹੋਇਆ ਹੋਵੇ ਉਹ ਮੁਰਝਾ ਕੇ ਡਿੱਗ ਪੈਂਦੀਆਂ ਹਨ ਜਾਂ ਝੁੱਕ ਜਾਂਦੀਆਂ ਹਨ ਅਤੇ ਸੁੱਕ ਜਾਂਦੀਆਂ ਹਨ ਅਤੇ ਫ਼ਲ ਕਾਣੇ ਹੋ ਜਾਂਦੇ ਹਨ । | ਜੈਸਿਡ ਤੇ ਹੱਡਾ ਭੂੰਡੀ ਦਾ ਹਮਲਾ ਹੋਣ ਸਾਰ 250 ਮਿਲੀ ਲਿਟਰ ਮੈਲਾਥੀਅਨ 50 ਈ ਸੀ ਪ੍ਰਤੀ ਏਕੜ 10 ਦਿਨਾਂ ਦੇ ਵਕਫੇ ਨਾਲ ਪੌਦਿਆਂ ਤੇ ਛਿੜਕੋ । ਬੈਂਗਣ ਦੇ ਫ਼ਲ ਅਤੇ ਤਣੇ ਵਿਚ ਮੋਰੀਆਂ ਕਰਨ ਵਾਲੀ ਸੁੰਡੀ ਦੀ ਰੋਕਥਾਮ ਲਈ, ਜਿਉਂ ਹੀ ਕੀੜੇ ਦਾ ਹਮਲਾ ਹੋਵੇ,ਹੇਠ ਲਿਖੀਆਂ ਦਵਾਈਆਂ ਵਿਚੋਂ ਕੋਈ ਇਕ ਜ਼ਹਿਰ 100-125 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ 3-4 ਵਾਰੀ 14 ਦਿਨਾਂ ਦੇ ਵਕਫੇ ਨਾਲ ਛਿੜਕੋ।<br>**ੳ) ਕਾਰਬਾਮੇਟ ਗਰੁੱਪ**<br>1) 800 ਗ੍ਰਾਮ ਸੇਵਿਨ/ਹੈਕਸਾਵਿਨ 50 ਡਬਲਯੂ ਪੀ (ਕਾਰਬਰਿਲ)।<br>**ਅ) ਸਿੰਥੈਟਿਕ ਪਰਿਥਰਾਇਡ ਗਰੁੱਪ**<br>1) 100 ਮਿਲੀਲਿਟਰ ਸੁਮੀਸੀਡੀਨ 20 ਈ ਸੀ (ਫੈਨਵਲਰੇਟ)<br>2) 200 ਮਿਲੀਲਿਟਰ ਰਿਪਕਾਰਡ 10 ਈ ਸੀ (ਸਾਈਪਰਮੈਥਰਿਨ)।<br>3) 160 ਮਿਲੀਲਿਟਰ ਡੈਸਿਸ 2.8 ਈ ਸੀ (ਡੈਲਟਾਮੈਥਰਿਨ) ।<br>**ੲ) ਫ਼ੋਸਫੈਟਿਕ ਗਰੁੱਪ**<br>1) 800 ਮਿਲੀਲਿਟਰ ਇਕਾਲਕਸ 25 ਈ ਸੀ (ਕੁਇਨਲਫਾਸ)।<br>2) 500 ਮਿਲੀਲਿਟਰ ਹੋਸਟਾਥੀਓਨ 40 ਈ ਸੀ (ਟ੍ਰਾਈਐਜ਼ੋਫਾਸ) | 1) ਛਿੜਕਾਅ ਕਰਨ ਤੋਂ ਪਹਿਲਾਂ ਪੱਕੇ ਫ਼ਲ ਤੋੜ ਲਵੋ।<br>2) ਕਾਣੇ ਫ਼ਲ ਤੋੜ ਕੇ ਜ਼ਮੀਨ ਵਿਚ ਦਬਾ ਦਿਉ ।<br>3) ਬੈਂਗਣਾਂ ਦੀ ਮੁੱਢੀ ਫ਼ਸਲ ਨਾ ਰੱਖੋ ।<br>4) ਬੈਂਗਣ ਦੀ ਲਗਰ ਅਤੇ ਫ਼ਲ ਛੇਦਕ ਸੁੰਡੀ ਦੀ ਰੋਕਥਾਮ ਲਈ ਇਕੋ ਗੁਰੁੱਪ ਦੀਆਂ ਜ਼ਹਿਰਾਂ ਬਾਰ-ਬਾਰ ਨਹੀਂ ਵਰਤਣੀਆਂ ਚਾਹੀਦੀਆਂ।<br>5) ਏਕਾਲਕਸ ਅਤੇ ਹੋਸਟਾਥੀਓਨ ਦੇ ਛਿੜਕਾਅ ਤੋਂ ਚਾਰ ਦਿਨ ਤੱਕ ਫ਼ਲ ਨਾ ਤੋੜੋ। |
| 2) **ਮਕੌੜਾ ਜੂੰ : ਮਕੌੜਾ ਜੂੰ ਦਾ ਹਮਲਾ ਗਰਮ ਅਤੇ ਖੁਸ਼ਕ ਮੌਸਮ (ਅਪ੍ਰੈਲ ਤੋਂ ਜੂਨ) ਵਿਚ ਜ਼ਿਆਦਾ ਹੁੰਦਾ ਹੈ। ਸ਼ੁਰੂ ਵਿਚ ਪੱਤਿਆਂ** ਤੇ ਚਿੱਟੇ ਬਰੀਕ ਧੱਬੇ ਜਿਹੇ ਪੈ | ਇਸ ਦੀ ਰੋਕਥਾਮ ਲਈ 300 ਮਿਲੀਲਿਟਰ ਓਮਾਈਟ 57 ਈ ਸੀ ਜਾਂ 450 ਮਿਲੀਲਿਟਰ ਫਾਸਮਾਈਟ 50 ਈ ਸੀ ਜਾਂ 250 ਮਿਲੀਲਿਟਰ ਮੈਟਾਸਿਸਟਾਕਸ 25 ਈ ਸੀ ਨੂੰ 100- | 1. ਬੈਂਗਣ ਦੀ ਮੁਢੀ ਫ਼ਸਲ ਨਾ ਰੱਖੋ ।<br>2. ਅਪ੍ਰੈਲ ਤੋਂ ਜੂਨ ਦੌਰਾਨ ਥੋੜੇ-ਥੋੜੇ ਸਮੇਂ ਬਾਅਦ ਸਿੰਚਾਈ ਕਰਦੇ ਰਹੋ । |



| *ਕੀੜੇ ਅਤੇ ਨਿਸ਼ਾਨੀਆਂ* | *ਰੋਕਥਾਮ ਦੇ ਢੰਗ* | *ਸਾਵਧਾਨੀਆਂ* |
|---|---|---|
| ਜਾਂਦੇ ਹਨ, ਮਗਰੋਂ ਪੱਤਿਆਂ ਤੇ ਜਾਲੇ ਬਣ ਜਾਂਦੇ ਹਨ ਜਿਨ੍ਹਾਂ ਤੇ ਧੂੜ ਜੰਮ ਜਾਂਦੀ ਹੈ ਅਤੇ ਪੱਤੇ ਝੜ ਜਾਂਦੇ ਹਨ । | 150 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। | 3. ਸਿੰਥੈਟਿਕ ਜ਼ਹਿਰਾਂ ਦੀ ਵਰਤੋਂ ਜ਼ਰੂਰਤ ਨਾਲੋਂ ਜ਼ਿਆਦਾ ਨਾ ਕਰੋ । |

## ਅ) ਬਿਮਾਰੀਆਂ

| *ਬਿਮਾਰੀ* | *ਨਿਸ਼ਾਨੀਆਂ* | *ਰੋਕਥਾਮ* |
|---|---|---|
| 1. **ਝੁਲਸ ਰੋਗ** | ਭੂਰੇ ਰੰਗ ਦੇ ਦਾਗ ਪੱਤਿਆਂ ਉਪਰ ਪੈ ਜਾਂਦੇ ਹਨ । ਫ਼ਲਾਂ ਉਪਰ ਵੀ ਅਜਿਹੇ ਦਾਗ ਪੈ ਜਾਂਦੇ ਹਨ ਅਤੇ ਫ਼ਲ ਗਲਣੇ ਸ਼ੁਰੂ ਹੋ ਜਾਂਦੇ ਹਨ । | ਬੀਜ ਸਿਹਤਮੰਦ ਫ਼ਲਾਂ ਚੋਂ ਲਵੋ। ਬੀਜ ਬਿਜਾਈ ਤੋਂ ਪਹਿਲਾਂ ਥੀਰਮ ਜਾਂ ਕੈਪਟਾਨ ਨਾਲ ਸੋਧ ਲਵੋ (ਤਿੰਨ ਗ੍ਰਾਮ ਦਵਾਈ ਇਕ ਕਿਲੋ ਬੀਜ ਲਈ) । 200 ਗ੍ਰਾਮ ਜ਼ੀਰਮ 75% ਜਾਂ ਜਾਈਨੇਬ 75% ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਹਫ਼ਤੇ ਦੇ ਵਕਫੇ ਤੇ ਖੇਤ ਵਿਚ ਪੌਦੇ ਲਾਉਣ ਪਿਛੋਂ ਛਿੜਕੋ। |
| 2. **ਵਾਈਟ ਰਾਟ** | ਪੱਤਿਆਂ ਉੱਪਰ ਹਲਕੇ ਗੁਲਾਬੀ ਰੰਗ ਦੇ ਪਾਣੀ ਭਿੱਜੇ ਧੱਬੇ ਬਣ ਜਾਂਦੇ ਹਨ ਜੋ ਬਾਅਦ ਵਿਚ ਠੰਢੇ ਮੌਸਮ ਵਿਚ ਚਿੱਟੇ ਮਾਦੇ ਨਾਲ ਢੱਕੇ ਜਾਂਦੇ ਹਨ । ਕਾਲੇ ਰੰਗ ਦੇ ਸਖ਼ਤ ਦਾਣੇ (ਸਕਲੋਰਸ਼ੀਆ) ਚਿੱਟੇ ਮਾਦੇ ਦੀ ਜਗ੍ਹਾ ਬਣ ਜਾਂਦੇ ਹਨ । ਤਣੇ ਉੱਪਰ ਹਲਕੇ ਭੂਰੇ ਰੰਗ ਦੇ ਦਾਗ਼ ਬਣ ਜਾਂਦੇ ਹਨ। ਤਣੇ ਦੇ ਅੰਦਰ ਜਾਂ ਬਾਹਰ ਚਿੱਟੇ ਮਾਦੇ ਸਹਿਤ ਕਾਲੇ ਰੰਗ ਦੇ ਸਖ਼ਤ ਦਾਣੇ ਬਣਦੇ ਹਨ । ਫ਼ਲ ਉੱਪਰ ਵੀ ਉੱਲੀ ਦਾ ਅਸਰ ਹੁੰਦਾ ਹੈ। ਬਾਅਦ ਵਿਚ ਫ਼ਲ ਗਲ ਜਾਂਦਾ ਹੈ ਤੇ ਕਾਲੇ ਰੰਗ ਦੇ ਦਾਣੇ (ਸਕਲੋਰੀਸ਼ੀਆ) ਬਣ ਜਾਂਦੇ ਹਨ । ਇਸ ਬਿਮਾਰੀ ਦਾ ਧਾਵਾ ਫੁੱਲ ਪੈਣ ਅਤੇ ਫ਼ਲ ਪੈਣ ਦੀ ਅਵਸਥਾ ਤੇ ਜ਼ਿਆਦਾ ਹੁੰਦਾ ਹੈ । | 1. ਬੈਂਗਣ ਦੀ ਫ਼ਸਲ ਨੂੰ ਬਿਮਾਰੀ ਲੱਗਣ ਵਾਲੀਆਂ ਸਬਜ਼ੀਆਂ ਜਿਵੇਂ ਮਟਰ, ਗੋਭੀ, ਗਾਜਰ ਅਤੇ ਬੈਂਗਣ ਪਿਛੋਂ ਨਹੀਂ ਲਗਾਉਣਾ ਚਾਹੀਦਾ । ਸਗੋਂ ਟਮਾਟਰ ਅਤੇ ਮਿਰਚਾਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ । ਇਸ ਤਰ੍ਹਾਂ ਕਰਨ ਨਾਲ ਜੀਵਾਣੂਆਂ ਦਾ ਖੇਤ ਵਿਚ ਵਾਧਾ ਅਤੇ ਬਿਮਾਰੀ ਘੱਟ ਜਾਵੇਗੀ ।<br>2. ਪੌਦਿਆਂ ਦੀ ਰਹਿੰਦ-ਖੂੰਦ ਨੂੰ ਇਕੱਠਾ ਕਰਕੇ ਨਸ਼ਟ ਕਰ ਦੇਣਾ ਚਾਹੀਦਾ ਹੈ ।<br>3. ਜ਼ਿਆਦਾ ਬਿਮਾਰੀ ਵਾਲੇ ਰਕਬੇ ਵਿਚ ਬੈਂਗਣ ਦੀ ਮੁੱਖ |

| ਬਿਮਾਰੀ | ਨਿਸ਼ਾਨੀਆਂ | ਰੋਕਥਾਮ |
|---|---|---|
| | | ਫ਼ਸਲ (ਜੁਲਾਈ ਤੋਂ ਫ਼ਰਵਰੀ) ਨਹੀਂ ਲਗਾਉਣੀ ਚਾਹੀਦੀ । |
| 3. ਛੋਟੇ ਪੱਤਿਆਂ ਦਾ ਵਿਸ਼ਾਣੂੰ ਰੋਗ | ਇਸ ਕਾਰਨ ਪੱਤੇ ਛੋਟੇ ਆਕਾਰ ਦੇ ਰਹਿ ਜਾਂਦੇ ਹਨ, ਪੌਦੇ ਝਾੜੀ ਵਾਂਗ ਲੱਗਦੇ ਹਨ। ਪੌਦੇ ਨੂੰ ਫੁੱਲ ਤੇ ਫ਼ਲ ਨਹੀਂ ਲੱਗਦੇ । ਇਹ ਰੋਗ ਮੋਢੀ ਫ਼ਸਲ ਤੇ ਵਧੇਰੇ ਹੁੰਦਾ ਹੈ ਅਤੇ ਤੇਲੇ ਰਾਹੀਂ ਫੈਲਦਾ ਹੈ । | 1. ਬਿਮਾਰ ਪੌਦੇ ਪੁੱਟ ਸੁੱਟੋ ਅਤੇ ਨਸ਼ਟ ਕਰ ਦਿਓ । 2. ਨਰਸਰੀ ਅਤੇ ਖੇਤ ਵਿਚ ਤੇਲੇ ਤੇ ਕਾਬੂ ਰੱਖੋ । ਇਸ ਲਈ 250 ਮਿਲੀਲਿਟਰ ਮੈਲਾਥੀਆਨ 50 ਈ ਸੀ ਦਵਾਈ ਪ੍ਰਤੀ ਏਕੜ ਦੇ ਹਿਸਾਬ 100-125 ਲਿਟਰ ਪਾਣੀ ਵਿਚ ਘੋਲ ਕੇ ਛਿੜਕੋ। |
| 4. ਜੜ੍ਹ ਗੰਢ ਨੀਮਾਟੋਡ | ਇਸ ਰੋਗ ਨਾਲ ਪੱਤੇ ਨੀਲੇ ਪੈ ਜਾਂਦੇ ਹਨ ਅਤੇ ਫ਼ਸਲ ਦਾ ਵਾਧਾ ਰੁੱਕ ਜਾਂਦਾ ਹੈ । ਜੜ੍ਹਾਂ ਉੱਤੇ ਗੰਢਾ ਪੈ ਜਾਂਦੀਆਂ ਹਨ । ਪਨੀਰੀ ਵਾਲੇ ਪੌਦਿਆਂ ਤੇ ਵੀ ਅਸਰ ਹੁੰਦਾ ਹੈ । | 1. ਸਬਜ਼ੀਆਂ ਦੀ ਪਨੀਰੀ ਤਿਆਰ ਕਰਨ ਵਾਲੀ ਥਾਂ ਨੂੰ ਭਰਵਾਂ ਪਾਣੀ ਲਾ ਕੇ ਪਲਾਸਟਿਕ ਦੀ ਚਾਦਰ (50 ਮਾਈਕਰੋਨ) ਨਾਲ ਮਈ-ਜੂਨ ਦੇ ਮਹੀਨੇ ਵਿੱਚ ਚੰਗੀ ਤਰ੍ਹਾਂ ਢੱਕ ਕੇ 40 ਦਿਨਾਂ ਵਾਸਤੇ ਧੁੱਪ ਲਗਾਓ । 2. ਜੜ੍ਹ ਗੰਢ ਰੋਗਤ ਜ਼ਮੀਨਾਂ ਵਿੱਚ ਸਬਜ਼ੀਆਂ ਦੇ ਫ਼ਸਲੀ ਚੱਕਰ ਵਿੱਚ ਲਸਣ ਲਗਾਓ । 3. ਇਨ੍ਹਾਂ ਖੇਤਾਂ ਵਿੱਚ ਸਣ ਦੀ ਬਿਜਾਈ ਤੋਂ 50 ਦਿਨਾਂ ਬਾਅਦ ਹਰੀ ਖਾਦ ਲਈ ਵਾਹੀ ਕਰੋ। 4. ਨੀਮਾਟੋਡ ਤੋਂ ਪ੍ਰਭਾਵਿਤ ਖੇਤਾਂ ਵਿੱਚ ਢੈਂਚਾ ਦੀ ਹਰੀ ਖਾਦ ਲਈ ਕਾਸ਼ਤ ਨਾ ਕਰੋ । |



# 16. ਮਿਰਚ

## ਮੌਸਮ ਅਤੇ ਜ਼ਮੀਨ :

ਮਿਰਚ ਦੀ ਫ਼ਸਲ ਗਰਮ ਅਤੇ ਸਿੱਲ੍ਹੇ ਜਲਵਾਯੂ ਵਿੱਚ ਵਧੀਆ ਹੁੰਦੀ ਹੈ । ਮਿਰਚ ਦੀ ਖੇਤੀ ਵਾਸਤੇ 130-150 ਦਿਨ ਤੱਕ ਕੋਰੇ ਰਹਿਤ ਮੌਸਮ ਅਤੇ 15-35 ਡਿਗਰੀ ਸੈਂਟੀਗ੍ਰੇਡ ਤਾਪਮਾਨ ਢੁੱਕਵਾਂ ਹੁੰਦਾ ਹੈ। ਆਮ ਤੌਰ ਤੇ ਮਿਰਚਾਂ ਤੇ 30 ਡਿਗਰੀ ਸੈਂਟੀਗ੍ਰੇਡ ਤੋਂ ਉੱਪਰ ਤਾਪਮਾਨ ਤੇ ਫ਼ਲ ਨਹੀਂ ਬਣਦਾ । ਜੇਕਰ ਤਾਪਮਾਨ 40 ਡਿਗਰੀ ਸੈਂਟੀਗ੍ਰੇਡ ਤੋਂ ਵੱਧ ਜਾਵੇ ਤਾਂ ਫੁੱਲ ਬਹੁਤ ਘੱਟ ਲੱਗਦਾ ਹੈ ਅਤੇ ਫ਼ਲ ਝੜ ਜਾਂਦੇ ਹਨ । ਜਦੋਂ ਹਵਾ ਵਿੱਚ ਨਮੀ ਘੱਟ ਜਾਵੇ ਅਤੇ ਖੁਸ਼ਕ ਹਵਾਵਾਂ ਵਗਣ ਤਾਂ ਇਹ ਸਮੱਸਿਆ ਹੋਰ ਵੀ ਵਧ ਜਾਂਦੀ ਹੈ ।

ਮਿਰਚ ਦੀ ਕਾਸ਼ਤ ਕਈ ਤਰ੍ਹਾਂ ਦੀ ਜ਼ਮੀਨ ਵਿੱਚ ਹੋ ਸਕਦੀ ਹੈ ਪਰ ਚੰਗੇ ਨਿਕਾਸ ਵਾਲੀ ਭਰਪੂਰੀ ਜ਼ਮੀਨ ਜਿਸ ਵਿੱਚ ਕਾਫੀ ਮੱਲ੍ਹੜ ਦੀ ਮਾਤਰਾ ਹੋਵੇ, ਵਧੀਆ ਹੁੰਦੀ ਹੈ । ਮਿਰਚ ਦੀ ਫ਼ਸਲ ਇਕ ਦਿਨ ਤੋਂ ਵੱਧ ਪਾਣੀ ਨਹੀਂ ਸਹਿਣ ਕਰ ਸਕਦੀ। ਭਾਵੇਂ ਮਿਰਚ ਦੀ ਕਾਸ਼ਤ 5.0-8.0 ਪੀ ਐਚ ਤੱਕ ਦੀਆਂ ਜ਼ਮੀਨਾਂ ਵਿੱਚ ਹੋ ਸਕਦੀ ਹੈ ਪਰ ਵਧੇਰੇ ਉਪਜ 6.5 ਪੀ ਐਚ ਦੀਆਂ ਜ਼ਮੀਨਾਂ ਵਿਚ ਵਧੀਆ ਹੁੰਦੀ ਹੈ ।

## ਉੱਨਤ ਹਾਈਬ੍ਰਿਡ/ਕਿਸਮਾਂ

### ਹਾਈਬ੍ਰਿਡ

**ਸੀ ਐਚ**-3 (2002) : ਇਹ ਐਮ ਐਸ 12 ਅਤੇ ਐਸ 2530 ਦੇ ਆਪਸੀਕਰਨ ਨਾਲ ਬਣਾਈ ਗਈ ਹੈ । ਇਹ ਅਗੇਤੀ ਕਿਸਮ ਹੈ, ਜਿਸਦੇ ਗੂੜ੍ਹੇ ਹਰੇ ਪਤਰਾਲ ਅਤੇ ਫ਼ਲ ਹੇਠਾਂ ਵੱਲ ਲੱਗਦੇ ਹਨ । ਇਸਦੇ ਫ਼ਲ ਲੰਮੇ ਹੁੰਦੇ ਹਨ ਜੋ ਪਹਿਲਾਂ ਗੂੜ੍ਹੇ ਹਰੇ ਰੰਗ ਦੇ ਅਤੇ ਪੱਕ ਕੇ ਗੂੜ੍ਹੇ ਲਾਲ ਹੋ ਜਾਂਦੇ ਹਨ । ਇਨ੍ਹਾਂ ਵਿਚ ਘੱਟ ਕੁੜੱਤਣ (0.51 ਪ੍ਰਤੀਸ਼ਤ ਕੈਪਸੇਸਿਨ) ਜ਼ਿਆਦਾ ਸੁੱਕਾ ਮਾਦਾ (22.5 ਪ੍ਰਤੀਸ਼ਤ) ਅਤੇ ਚੋਖਾ ਵਿਟਾਮਿਨ-ਸੀ (109.95 ਮਿਲੀ ਗ੍ਰਾਮ ਪ੍ਰਤੀ 100 ਗ੍ਰਾਮ) ਹੁੰਦੇ ਹਨ । ਇਸਦੇ ਗੂੜ੍ਹੇ ਲਾਲ ਰੰਗ ਦੇ ਫ਼ਲ ਇਸਨੂੰ ਮਿਰਚਾਂ ਦਾ ਪੇਸਟ ਬਣਾ ਕੇ ਬਾਹਰ ਭੇਜਣ ਦੇ ਯੋਗ ਬਣਾਉਂਦੇ ਹਨ । ਇਸਦੀ ਔਸਤ ਪੈਦਾਵਾਰ 110 ਕੁਇੰਟਲ ਪ੍ਰਤੀ ਏਕੜ ਹੁੰਦੀ ਹੈ।

**ਸੀ ਐਚ**-1 (1992) : ਇਹ ਇਕ ਦੋਗਲੀ ਕਿਸਮ ਹੈ ਜੋ ਐਮ ਐਸ-12 ਅਤੇ ਐਲ ਐਲ ਐਸ ਦਾ ਸੁਮੇਲ ਹੈ । ਇਸ ਦੇ ਬੂਟਿਆਂ ਦੀ ਉਚਾਈ ਤਕਰੀਬਨ ਇੱਕ ਮੀਟਰ ਦੀ ਹੋ ਜਾਂਦੀ ਹੈ ਤੇ ਫੈਲਾਅ ਕਾਫ਼ੀ ਜ਼ਿਆਦਾ ਹੁੰਦਾ ਹੈ । ਇਸਦੇ ਬੂਟੇ ਕਾਫ਼ੀ ਲੰਮੇ ਸਮੇਂ ਤੱਕ ਫ਼ਲ ਦਿੰਦੇ ਰਹਿੰਦੇ ਹਨ । ਫ਼ਲਾਂ ਦਾ ਰੰਗ ਪਹਿਲਾਂ ਹਰਾ ਹੁੰਦਾ ਹੈ ਪਰ ਪੱਕਣ ਸਮੇਂ ਇਨ੍ਹਾਂ ਦਾ ਰੰਗ ਗੂੜ੍ਹਾ ਲਾਲ ਹੁੰਦਾ ਹੈ। ਇਨ੍ਹਾਂ ਦੇ ਫ਼ਲ ਦਾ ਆਕਾਰ